# 2023-2024 ਅੱਪਡੇਟ ਕੀਤੀ COVID-19 ਵੈਕਸੀਨ: ਲੰਮੇ ਸਮੇਂ ਤੱਕ ਚੱਲਣ ਵਾਲੀ ਦੇਖਭਾਲ ਪ੍ਰਦਾਨ ਕਰਨ ਵਾਲੇ ਅਦਾਰੇ

Vaccinate WA
CovidVaccineWA.org

## ਅੱਪਡੇਟ ਕੀਤੀ 2023-2024 COVID-19 ਵੈਕਸੀਨ ਕੀ ਹੈ? ਕੀ ਇਹ ਵਾਇਰਸ ਦੇ ਨਵੇਂ ਰੂਪਾਂ ਵਿਰੁੱਧ ਕੰਮ ਕਰਦੀ ਹੈ?

ਅੱਪਡੇਟ ਕੀਤੀ 2023-2024 COVID-19 ਵੈਕਸੀਨ ਸਭ ਤੋਂ ਨਵੀਂ ਵੈਕਸੀਨ ਹੈ ਜਿਸ ਨੂੰ Food and Drug Administration (FDA, ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ) ਵੱਲੋਂ ਮਾਨਤਾ ਪ੍ਰਾਪਤ ਹੈ ਅਤੇ Centers for Disease Control and Prevention (CDC, ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ) ਵੱਲੋਂ ਇਸਦੀ ਸਿਫ਼ਾਰਸ਼ -ਕੀਤੀ ਜਾਂਦੀ ਹੈ। COVID-19 ਦਾ ਕਾਰਨ ਬਣਨ ਵਾਲਾ ਵਾਇਰਸ ਸਮੇਂ ਦੇ ਨਾਲ ਬਦਲ ਗਿਆ ਹੈ, ਅਤੇ ਵੱਖ-ਵੱਖ ਰੂਪਾਂ ਵਿੱਚ ਢਲ ਰਿਹਾ ਹੈ। ਇਹ ਵੈਕਸੀਨ ਉਹਨਾਂ ਨਵੇਂ ਰੂਪਾਂ ਤੋਂ ਸੁਰੱਖਿਆ ਪ੍ਰਦਾਨ ਕਰੇਗੀ ਜੋ ਇਸ ਵੇਲੇ ਅਮਰੀਕਾ ਵਿੱਚ ਸਭ ਤੋਂ ਵੱਧ ਫੈਲ ਰਿਹਾ ਹੈ ਅਤੇ ਲੋਕਾਂ ਦੇ ਹਸਪਤਾਲਾਂ ਵਿੱਚ ਭਰਤੀ ਹੋਣ ਦਾ ਕਾਰਨ ਬਣ ਰਿਹਾ ਹੈ। ਇਹ ਵੈਕਸੀਨ ਵਾਇਰਸ ਦੇ ਮੌਜੂਦਾ ਰੂਪਾਂ ਵਿਰੁੱਧ ਤੁਹਾਡੀ ਸੁਰੱਖਿਆ ਨੂੰ ਮੁੜ-ਕਾਇਮ ਕਰਦੀ ਹੈ ਅਤੇ ਹੋਰ ਮਜ਼ਬੂਤ ਬਣਾਉਂਦੀ ਹੈ।

## ਅੱਪਡੇਟ ਕੀਤੀ 2023-24 COVID-19 ਵੈਕਸੀਨ ਕਿਸਨੂੰਪ੍ਰਾਪਤਕਰਨੀਚਾਹੀਦੀ ਹੈ?

ਬਾਲਗਾਂ ਨੂੰ ਅੱਪਡੇਟ ਕੀਤੀ 2023-2024 COVID-19 ਵੈਕਸੀਨ ਦੀ ਇੱਕ ਖੁਰਾਕ ਪ੍ਰਾਪਤ ਕਰਨੀ ਚਾਹੀਦੀ ਹੈ। ਕੁਝ ਬਾਲਗ ਜਿਹਨਾਂ ਦੀ ਇਮਿਊਨਿਟੀ ਬਹੁਤ ਹੀ ਕਮਜ਼ੋਰ ਹੈ, ਉਹਨਾਂ ਨੂੰ ਵਾਧੂ ਖੁਰਾਕਾਂ ਦੀ ਲੋੜ ਪੈ ਸਕਦੀ ਹੈ।

ਜੇਕਰ ਪਹਿਲਾਂ ਵੈਕਸੀਨ ਪ੍ਰਾਪਤ ਕੀਤੀ ਗਈ ਹੈ ਤਾਂ ਅੱਪਡੇਟ ਕੀਤੀ ਗਈ ਵੈਕਸੀਨ ਉਹਨਾਂ ਦੀ ਆਖਰੀ ਖੁਰਾਕ ਤੋਂ ਘੱਟੋ-ਘੱਟ ਦੋ ਮਹੀਨੇ ਬਾਅਦ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ।

## ਲੰਮੇ ਸਮੇਂ ਤੱਕ ਚੱਲਣ ਵਾਲੀ ਦੇਖਭਾਲ ਪ੍ਰਦਾਨ ਕਰਨ ਵਾਲੇ ਸਟਾਫ ਅਤੇ ਵਸਨੀਕਾਂ ਦੇ ਲਈ ਅੱਪਡੇਟ ਕੀਤੀ 2023-24 ਵੈਕਸੀਨ ਜ਼ਰੂਰੀ ਕਿਉਂ ਹੈ?

ਪਿਛਲੇ ਸਾਲ ਸਾਹ ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਵਾਲੇ ਵਾਇਰਸ ਦੇ ਸੰਕਰਮਣ ਕਾਰਨ ਹਸਪਤਾਲ ਵਿੱਚ ਭਰਤੀ ਹੋਣ ਦੀ ਗਿਣਤੀ ਆਮ ਨਾਲੋਂ ਵੱਧ ਸੀ। ਇਹ ਸੰਕਰਮਣ ਇੱਕੋ ਸਮੇਂ ਹੋ ਸਕਦੇ ਹਨ ਅਤੇ ਹਸਪਤਾਲ ਵਿੱਚ ਭਰਤੀ ਹੋਣ ਜਾਂਮੌਤ ਦਾ ਜੋਖਮ ਵਧ ਸਕਦਾ ਹੈ। ਵੈਕਸੀਨਾਂ, ਸਟਾਫ ਅਤੇ ਵਸਨੀਕਾਂ ਨੂੰ ਸੰਕਰਮਣ ਤੋਂ ਬਚਾਉਣ ਲਈ ਇੱਕ ਸੁਰੱਖਿਆ ਕਵਚ ਪ੍ਰਦਾਨ ਕਰਦੀਆਂ ਹਨ।



- 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਾਲਗ, ਖਾਸ ਤੌਰ 'ਤੇ ਉਹ ਜੋ ਲੌਂਗ ਟਰਮ ਕੇਅਰ ਫੈਸੀਲਿਟੀ ਵਿੱਚ ਰਹਿੰਦੇ ਹਨ, ਉਹਨਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੋਣ ਦੇ ਕਾਰਨ, ਉਹਨਾਂ ਨੂੰ COVID-19 ਅਤੇ ਸਾਹ ਦੀਆਂ ਹੋਰ ਬਿਮਾਰੀਆਂ ਦੇ ਕਾਰਨ ਗੰਭੀਰ ਰੂਪ ਵਿੱਚ ਬਿਮਾਰ ਹੋਣ ਦਾ ਜੋਖਮ ਬਹੁਤ ਜ਼ਿਆਦਾ ਹੁੰਦਾ ਹੈ।

## ਪਰਿਵਾਰਾਂ ਅਤੇ ਹੋਰ ਵਸਨੀਕਾਂ ਨੂੰ ਵੈਕਸੀਨ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਨਾ

ਸਟਾਫ਼, ਪਰਿਵਾਰ ਅਤੇ ਵਸਨੀਕਾਂ ਵਿਚਕਾਰ ਵਿਸ਼ਵਾਸ਼ ਕਾਇਮ ਕਰਨਾ ਬਹੁਤ ਜ਼ਰੂਰੀ ਹੈ। ਅਦਾਰੇ ਦੇ ਅੰਦਰ COVID-19 ਦੀ ਮੌਜੂਦਾ ਸਥਿਤੀ ਬਾਰੇ ਅਤੇ ਸਟਾਫ ਦੁਆਰਾ ਚੁੱਕੇਜਾ ਰਹੇ ਸੁਰੱਖਿਆ ਉਪਾਵਾਂ ਬਾਰੇ ਲਗਾਤਾਰ ਅਤੇ ਪਾਰਦਰਸ਼ੀ ਤਰੀਕੇ ਨਾਲ ਜਾਣਕਾਰੀ ਪ੍ਰਦਾਨ ਕਰਨ ਨਾਲ ਵਿਸ਼ਵਾਸ਼ ਕਾਇਮ ਕਰਨ ਵਿੱਚ ਮਦਦ ਮਿਲ ਸਕਦੀ ਹੈ। ਲੌਂਗ ਟਰਮ ਕੇਅਰ ਫੈਸੀਲਿਟੀ ਦੇ ਵਸਨੀਕਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਇਹ ਦੱਸਿਆ ਜਾਣਾ ਚਾਹੀਦਾ ਹੈ ਕਿ ਜਿੰਨੇ ਜ਼ਿਆਦਾ ਲੋਕ ਇੱਕ ਅਦਾਰੇ ਵਿੱਚ ਰਹਿੰਦੇ ਹਨ,

ਉਹਨਾਂ ਲਈ ਵਾਇਰਸ ਦੇ ਸੰਪਰਕ ਵਿੱਚ ਆਉਣ ਦਾ ਜੋਖਮ ਓਨਾ ਹੀ ਵੱਧ ਹੁੰਦਾ ਹੈ। ਪਰਿਵਾਰਾਂ ਨੂੰ ਨਾਲ ਉਹਨਾਂ ਤਰੀਕਿਆਂ ਬਾਰੇ ਦੱਸੋ ਜਿਹਨਾਂ ਰਾਹੀਂ ਉਹ COVID-19 ਦੀ ਵੈਕਸੀਨ ਦੇ ਨਾਲ ਅਪ-ਟੂ-ਡੇਟ ਰਹਿ ਕੇ ਆਪਣੇ ਪਰਿਵਾਰ ਦੇ ਮੈਂਬਰਾਂ ਅਤੇ ਭਾਈਚਾਰੇ ਨੂੰ ਬਿਮਾਰੀ ਦੇ ਗੰਭੀਰ ਪ੍ਰਭਾਵਾਂ ਤੋਂ ਸੁਰੱਖਿਅਤ ਰੱਖਣ ਵਿੱਚ ਮਦਦ ਕਰ ਸਕਦੇ ਹਨ।

## ਵੈਕਸੀਨ ਪ੍ਰਾਪਤ ਕਰਨ ਬਾਰੇ ਪੁਰਜ਼ੋਰ ਸਿਫ਼ਾਰਸ਼ ਕਿਵੇਂ ਕੀਤੀ ਜਾ ਸਕਦੀ ਹੈ:

- ਵੈਕਸੀਨ ਪ੍ਰਾਪਤ ਕਰਨ ਦੀ ਮਹੱਤਤਾ ਦੱਸੋ।
- ਵਸਨੀਕਾਂ ਦੀਆਂ ਚਿੰਤਾਵਾਂ ਅਤੇ ਸਵਾਲਾਂ ਦਾ ਜਵਾਬ ਦਿਓ, ਅਤੇ ਉਹਨਾਂ ਨੂੰ ਸਮਝਾਓ ਕਿ ਵੈਕਸੀਨ ਦੇ ਫਾਇਦੇ ਜੋਖਮਾਂ ਤੋਂ ਕਿਤੇ ਵੱਧ ਹਨ।
- ਵੈਕਸੀਨ ਪ੍ਰਾਪਤ ਨਾ ਕਰਨ 'ਤੇ COVID-19 (ਸਪੈਨਿਸ਼ ਵਿੱਚ ਉਪਲਬਧ ਹੈ) ਬਿਮਾਰੀ ਹੋਣ ਦੇ ਸੰਭਾਵੀ ਜੋਖਮਾਂ ਬਾਰੇ ਦੱਸੋ।

ਲੌਂਗ ਟਰਮ ਕੇਅਰ ਫੈਸੀਲਿਟੀ ਸਟਾਫ ਨੂੰ ਸੰਕਰਮਣ ਤੋਂ ਆਪਣੇ-ਆਪ ਨੂੰ ਬਚਾਉਂਦੇ ਹੋਏ ਇਸ ਬਿਮਾਰੀ ਤੋਂ ਪ੍ਰਭਾਵਿਤ ਹੋਏ ਲੋਕਾਂ ਦੀ ਦੇਖਭਾਲ ਕਰਨ ਦਾ ਮੁਸ਼ਕਲ ਕਾਰਜ ਕਰਨਾ ਪੈਂਦਾ ਹੈ। **2023-2024 ਦੀ ਅੱਪਡੇਟ ਕੀਤੀ COVID-19 ਵੈਕਸੀਨ ਦੇ ਨਾਲ ਆਪਣੀ ਅਤੇ ਆਪਣੇ ਵਸਨੀਕਾਂ ਦੀਸੁਰੱਖਿਆ ਕਰੋ।**



Washington State Department of HEALTH

DOH 830-038, September 2023, Punjabi. ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov। 'ਤੇ ਈਮੇਲ ਕਰੋ।